# 6 ਸਬਜ਼ੀਆਂ ਦਾ ਖੇਤ





ਰੂਮੀ ਅਤੇ ਸ਼ੰਮੀ ਖੇਤ ਵਿੱਚੋਂ ਸਬਜ਼ੀਆਂ ਤੋੜਨ ਵਿੱਚ ਇੱਕ ਦੂਜੇ ਦੀ ਮਦਦ ਕਰਦੇ ਸਨ । ਉਹਨਾਂ ਵਿੱਚੋਂ ਹਰੇਕ ਨੇ ਇੱਕ ਟੋਕਰੀ ਲਈ ਅਤੇ ਸਬਜ਼ੀਆਂ ਤੋੜੀਆਂ । ਆਓ ਦੇਖੀਏ ਕਿ ਦੋਨਾਂ ਨੇ ਕਿੰਨੀਆਂ ਸਬਜ਼ੀਆਂ ਤੋੜੀਆਂ ?



ਰੂਮੀ ਦੀ ਟੋਕਰੀ ਵਿੱਚ ਟਮਾਟਰ    ਸ਼ੰਮੀ ਦੀ ਟੋਕਰੀ ਵਿੱਚ ਟਮਾਟਰ    ਦੋਨਾਂ ਕੋਲ਼ ਟਮਾਟਰ

A. 7 ਟਮਾਟਰ ਅਤੇ 5 ਟਮਾਟਰ ਮਿਲ਼ ਕੇ 12 ਟਮਾਟਰ ਬਣਦੇ ਹਨ।

$7 + 5 =$ ______



B. ਇੱਕ ਟੋਕਰੀ ਵਿੱਚ 9 ਗਾਜਰਾਂ ਅਤੇ ਦੂਜੀ ਟੋਕਰੀ ਵਿੱਚ 4 ਗਾਜਰਾਂ ਹਨ ।

$9 + 4 =$ ______



C. ਇੱਕ ਟੋਕਰੀ ਵਿੱਚ 8 ਮੂਲ਼ੀਆਂ ਅਤੇ ਦੂਜੀ ਟੋਕਰੀ ਵਿੱਚ 8 ਮੂਲ਼ੀਆਂ।

$8 + 8 =$ ______



## ਪਰਿਯੋਜਨਾ ਕਾਰਜ

ਆਪਣੇ ਘਰ, ਸਕੂਲ ਜਾਂ ਨੇੜਲੇ ਸਥਾਨ ‘ਤੇ ਸਬਜ਼ੀਆਂ ਦੇ ਕੋਈ ਵੀ ਬੂਟੇ ਲਗਾਓ । ਆਪਣੇ ਤਜ਼ਰਬੇ, ਆਪਣੇ ਪਰਿਵਾਰ ਨਾਲ਼ ਸਾਂਝੇ ਕਰੋ ਅਤੇ ਬੂਟਿਆਂ ਦੀ ਦੇਖ-ਭਾਲ਼ ਕਰੋ । ਤੁਸੀਂ ਵਧ ਰਹੇ ਬੂਟਿਆਂ ਦੀਆਂ ਤਸਵੀਰਾਂ ਖਿੱਚ ਸਕਦੇ ਹੋ ਜਾਂ ਬਣਾ ਸਕਦੇ ਹੋ।.

© NCERT not to be republished

## ਆਓ ਖੇਡੀਏ


ਤੁਸੀਂ ਗਿਣਲੜੀ 'ਤੇ 12 ਅਤੇ 4 ਸੰਖਿਆਵਾਂ ਨੂੰ ਕਿਵੇਂ ਜੋੜ ਸਕਦੇ ਹੋ?
10


ਮੈਂ ਪਹਿਲਾਂ 12 ਮਣਕੇ ਗਿਣਦਾ ਹਾਂ ਅਤੇ ਫਿਰ ਮੈਂ 4 ਮਣਕੇ ਅੱਗੇ ਹੋਰ ਗਿਣ ਰਿਹਾ ਹਾਂ: 13, 14, 15, 16
12

## ਦਿਖਾਓ ਕਿ ਤੁਸੀਂ ਗਿਣਲੜੀ 'ਤੇ ਸੰਖਿਆਵਾਂ ਨੂੰ ਕਿਵੇਂ ਜੋੜ ਸਕਦੇ ਹੋ?.

13 + 4 =




14 + 5 =



6 + 8 =



5 + 7 =



## ਕੁੱਦੋ ਅਤੇ ਜੋੜ ਲੱਭੋ।

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |

| | |
|---|---|
| 8 + 5 = 13 | 5 + 3 = 8 |
| 13 + 3 = ☐ | ☐ + ☐ = 13 |
| 2 + 16 = ☐ | ☐ + ☐ = 10 |
| 4 + 12 = ☐ | ☐ + ☐ = 18 |

## ਆਪਣੇ ਤਰੀਕੇ ਨਾਲ਼ ਜੋੜੋ।

A. ਸਪਨਾ ਕੋਲ਼ 12 ਰੰਗਦਾਰ ਪੈਨਸਿਲਾਂ ਹਨ ਅਤੇ ਗੌਰੀ  ਕੋਲ਼ 6 ਰੰਗਦਾਰ ਪੈਨਸਿਲਾਂ ਹਨ ।  ਉਹਨਾਂ ਕੋਲ਼ ਕੁੱਲ ਕਿੰਨੀਆਂ ਪੈਨਸਿਲਾਂ ਹਨ ?




ਸਪਨਾ ਨੇ 12 ਤੱਕ ਗਿਣ ਕੇ ਅੱਗੇ 6 ਹੋਰ ਗਿਣੇ ਜੋ ਕਿ ਜੁੜ ਕੇ 18 ਬਣ ਗਏ ।

12 + 6 = 18

ਜੋੜਨ ਦੀ ਪ੍ਰਕਿਰਿਆ 'ਤੇ ਚਰਚਾ ਕਰੋ । ਬੱਚੇ 12 ਕਿਵੇਂ ਗਿਣਦੇ ਹਨ ਅਤੇ ਫਿਰ 4 ਨੂੰ ਕਿਵੇਂ ਜੋੜਦੇ ਹਨ? ਉਹਨਾਂ ਤਰੀਕਿਆਂ 'ਤੇ ਚਰਚਾ ਕਰੋ ਜੋ ਉਹ ਵਰਤ ਰਹੇ ਹਨ।



© NCERT not to be republished

ਗੌਰੀ ਨੇ ਇਸ ਪ੍ਰਕਾਰ ਹੱਲ ਕੀਤਾ




$$12 \quad + 6$$
$$10 + 2 + 6$$
$$10 + \quad 8 = 18$$

ਕੀ ਤੁਸੀਂ ਇਸ ਨੂੰ ਕਿਸ ਹੋਰ ਢੰਗ ਨਾਲ਼ ਵੀ ਕਰ ਸਕਦੇ ਹੋ? ਕੋਸ਼ਿਸ਼ ਕਰੋ ਅਤੇ ਆਪਣੇ ਅਧਿਆਪਕ ਨਾਲ਼ ਚਰਚਾ ਕਰੋ ।

B. ਅਮਨ ਕੋਲ਼ 8 ਲੱਡੂ ਹਨ ਅਤੇ ਚਰਨਜੀਤ 6 ਲੱਡੂ ਲੈ ਕੇ ਆਇਆ ਹੈ । ਦੱਸੋ ਦੋਨਾਂ ਕੋਲ਼ ਕੁੱਲ ਕਿੰਨੇ ਲੱਡੂ ਹਨ ? ☐



C. ਸ਼ੀਨਾ ਕੋਲ਼ 12 ਚੂੜੀਆਂ ਹਨ, ਉਸ ਨੂੰ ਆਪਣੀ ਭੈਣ ਤੋਂ 6 ਹੋਰ ਚੂੜੀਆਂ ਮਿਲ਼ੀਆਂ ਹਨ । ਦੱਸੋ ਹੁਣ ਉਸ ਕੋਲ਼ ਕਿੰਨੀਆਂ ਚੂੜੀਆਂ ਹਨ ? ☐



## ਆਓ ਕਰੀਏ

ਤੁਸੀਂ ਪਿਕਨਿਕ ‘ਤੇ ਕੀ ਲੈ ਜਾਣਾ ਪਸੰਦ ਕਰੋਂਗੇ? ਆਪਣੇ ਦੋਸਤ ਨਾਲ਼ ਚਰਚਾ ਕਰੋ । ਉਹ ਚੀਜ਼ਾਂ ਦਰਸਾਓ ਜੋ ਤੁਸੀਂ ਪਿਕਨਿਕ ‘ਤੇ ਲੈ ਕੇ ਜਾਣਾ ਚਾਹੁੰਦੇ ਹੋ ਅਤੇ ਦਿੱਤੀ ਜਗ੍ਹਾ ਵਿੱਚ ਚੀਜ਼ਾਂ ਦੀ ਕੁੱਲ ਸੰਖਿਆਂ ਵੀ ਲਿਖੋ।

© NCERT not to be republished

## ਘਟਾਓ

ਕੁਝ ਹੋਰ ਸੰਖਿਆਵਾਂ ਨਾਲ਼ ਘਟਾਓ ਕਰੋ ਅਤੇ ਲਿਖੋ।



15 – 9 = 6

| | | | |
|---|---|---|---|
| A. |  16 – 4 = | B. |  12 – 5 = |
| C. |  14 – 7 = | D. |  16 – 6 = |
| E. |  15 – 5 = | F. | 15 – 0 = |
| G. | 17 – 9 = | H. | 13 – 3 = |

© NCERT not to be republished

## ਲਗਾਓ ਛਲਾਂਗਾਂ; ਅੱਗੇ-ਪਿੱਛੇ

ਅੰਜਲੀ ਅਤੇ ਰੇਣੂ ਛਲਾਂਗਾਂ ਮਾਰ ਕੇ ਖੇਡ ਰਹੀਆਂ ਹਨ।




| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|---|---|---|---|---|---|---|---|---|



## ਆਓ ਕਰੀਏ

ਖੇਡ ਦੇ ਮੈਦਾਨ ਵਿੱਚ ਜਾਂ ਘਰ ਵਿੱਚ ਇੱਕ ਸੰਖਿਆ ਪੱਟੀ ਬਣਾਓ ਅਤੇ ਵੱਖੋ-ਵੱਖਰੇ ਢੰਗ ਲੱਭੋ, ਜਿਨ੍ਹਾਂ ਰਾਹੀਂ ਤੁਸੀਂ ਇੱਕੋ ਥਾਂ ਤੱਕ ਪਹੁੰਚ ਸਕਦੇ ਹੋ।

### ਜੋੜੋ, ਘਟਾਓ ਅਤੇ ਮਿਲਾਣ ਕਰੋ

| | | |
|---|---|---|
| 8 + 7 | 12 | 15 – 3 |
| 9 + 9 | 15 | 18 – 1 |
| 10 + 2 | 14 | 17 – 2 |
| 16 + 1 | 17 | 18 – 0 |
| 11 + 3 | 18 | 16 – 2 |

ਇਸੇ ਤਰ੍ਹਾਂ ਦੇ ਹੋਰ ਸਵਾਲ ਬਣਾਓ ਅਤੇ ਬੱਚਿਆਂ ਨੂੰ ਇਹਨਾਂ ਸਵਾਲਾਂ ਨੂੰ ਹੱਲ ਕਰਨ ਲਈ ਆਪਣੀਆਂ ਵਿਧੀਆਂ ਦੀ ਵਰਤੋਂ ਕਰਨ ਦਿਓ।



© NCERT not to be republished

## ਕਹਾਣੀਆਂ ਆਧਾਰਿਤ ਸਵਾਲ

**ਆਪਣੇ ਜਵਾਬ ਖਾਲੀ ਸਥਾਨ ਵਿੱਚ ਲਿਖੋ।**

A. ਇੱਕ ਘੁਮਿਆਰ ਕੋਲ਼ 9 ਦੀਵੇ ਸਨ । ਉਸ ਨੇ 5 ਦੀਵੇ ਵੇਚ ਦਿੱਤੇ । ਫਿਰ ਉਸ ਨੇ 7 ਹੋਰ ਦੀਵੇ ਬਣਾਏ । ਹੁਣ ਉਸ ਕੋਲ਼ ਕਿੰਨੇ ਦੀਵੇ ਹਨ ?



B. ਪਹਿਲੇ ਸਟਾਪ 'ਤੇ ਬੱਸ ਵਿੱਚ 6 ਬੱਚੇ ਬੈਠਦੇ ਹਨ । ਦੂਜੇ ਸਟਾਪ 'ਤੇ, 8 ਹੋਰ ਬੱਚੇ ਬੱਸ ਵਿੱਚ ਸਵਾਰ ਹੋਏ। ਤੀਜੇ ਬੱਸ ਸਟਾਪ 'ਤੇ 7 ਬੱਚੇ ਉੱਤਰ ਗਏ । ਤੀਜੇ ਸਟਾਪ'ਤੇ ਬੱਸ ਵਿੱਚ ਕਿੰਨੇ ਬੱਚੇ ਬਾਕੀ ਹਨ ?




C. ਇੱਕ ਬੱਸ ਵਿੱਚ 18 ਸੀਟਾਂ ਹਨ। ਜੇਕਰ ਇਸ ਵਿੱਚ 9 ਬੱਚੇ ਪਹਿਲਾਂ ਹੀ ਬੈਠੇ ਹੋਏ ਹਨ ਤਾਂ ਬੱਸ ਵਿੱਚ ਕਿੰਨੇ ਹੋਰ ਬੱਚੇ ਬੈਠ ਸਕਦੇ ਹਨ ?

D. ਕੁਲਜੀਤ ਦੇ ਡੱਬੇ ਵਿੱਚ 14 ਟੌਫੀਆਂ ਹਨ । ਉਸ ਨੇ ਆਪਣੇ ਦੋਸਤਾਂ ਨੂੰ ਕੁਝ ਟੌਫੀਆਂ ਦਿੱਤੀਆਂ । ਉਸ ਕੋਲ਼ 6 ਟੌਫੀਆਂ ਬਾਕੀ ਰਹਿ ਗਈਆਂ । ਉਸ ਨੇ ਆਪਣੇ ਦੋਸਤਾਂ ਨੂੰ ਕਿੰਨੀਆਂ ਟੌਫੀਆਂ ਦਿੱਤੀਆਂ ?

E. ਰਮਨ ਨੇ 12 ਕੇਲੇ ਖਰੀਦੇ ਅਤੇ ਉਹਨਾਂ ਵਿੱਚੋਂ ਕੁਝ ਖਾ ਲਏ। ਉਸ ਕੋਲ਼ 5 ਕੇਲੇ ਬਾਕੀ ਰਹਿ ਗਏ ਹਨ । ਉਸ ਨੇ ਕਿੰਨੇ ਕੇਲੇ ਖਾਧੇ ?

© NCERT not to be republished